
# ਮਰਦਾਂ ਵਿੱਚ ਤਣਾਅ ਪਿਸ਼ਾਬ ਅਸੰਜਮਤਾ ਦਾ ਇਲਾਜ



## ਤਣਾਅ ਪਿਸ਼ਾਬ ਅਸੰਜਮਤਾ ਕੀ ਹੈ?

ਤਣਾਅ ਪਿਸ਼ਾਬ ਅਸੰਜਮਤਾ, ਜਾਂ ਐੱਸ.ਯੂ.ਆਈ, ਉਹ ਹੁੰਦੀ ਹੈ ਜਦੋਂ ਪਿਸ਼ਾਬ ਰਿਸਦਾ ਹੈ। ਇਹ ਬਲੈਡਰ ਅਤੇ ਯੂਰੇਥਰਾ ਉੱਤੇ ਅਚਾਨਕ ਦਬਾਅ ਕਾਰਨ ਹੁੰਦੀ ਹੈ। ਦਬਾਅ ਦੇ ਕਾਰਨ ਸਫਿੰਕਟਰ ਮਾਸਪੇਸ਼ੀ ਖੁੱਲ੍ਹ ਜਾਂਦੀ ਹੈ ਜਿਸ ਨਾਲ ਅਚਾਨਕ ਪਿਸ਼ਾਬ ਰਿਸਣ ਲੱਗ ਜਾਂਦਾ ਹੈ। ਹਲਕੀ ਐੱਸ.ਯੂ.ਆਈ ਦੇ ਨਤੀਜੇ ਵਜੋਂ, ਦਬਾਅ ਉਨ੍ਹਾਂ ਗਤੀਵਿਧੀਆਂ ਦੁਆਰਾ ਹੋ ਸਕਦਾ ਹੈ ਜਿਨ੍ਹਾਂ ਵਿੱਚ ਜ਼ੋਰ ਲੱਗਦਾ ਹੈ, ਜਿਵੇਂ ਕਸਰਤ, ਛਿੱਕਣਾ, ਹੱਸਣਾ ਜਾਂ ਖੰਘਣਾ। ਵਧੇਰੇ ਗੰਭੀਰ ਐੱਸ.ਯੂ.ਆਈ, ਉਦੋਂ ਹੁੰਦੀ ਹੈ ਜਦੋਂ ਤੁਸੀਂ ਉਹ ਗਤੀਵਿਧੀਆਂ ਕਰਦੇ ਹੋ ਜਿਨ੍ਹਾਂ ਵਿੱਚ ਘੱਟ ਜ਼ੋਰ ਲੱਗਦਾ ਹੈ ਪਰ ਪਿਸ਼ਾਬ ਨਿਕਲਣ ਲੱਗ ਜਾਂਦਾ ਹੈ ਜਿਵੇਂ ਕਿ ਖੜ੍ਹੇ ਹੋਣਾ, ਤੁਰਨਾ ਜਾਂ ਝੁਕਣਾ। ਪਿਸ਼ਾਬ ਦਾ ਇਸ ਤਰ੍ਹਾਂ ਨਾਲ ਨਿਕਲਣਾ ਪਿਸ਼ਾਬ ਦੇ ਕੁਝ ਤੁਪਕੇ ਹੋ ਸਕਦੇ ਹਨ ਜਾਂ ਇਸ ਨਾਲ ਤੁਹਾਡੇ ਕੱਪੜੇ ਗਿੱਲੇ ਹੋ ਸਕਦੇ ਹਨ।

## ਮਰਦ ਦੇ ਬਲੈਡਰ ਦੀਆਂ ਮਾਸਪੇਸ਼ੀਆਂ




## ਅਸੰਜਮਤਾ ਦੀਆਂ ਕਿਸਮਾਂ

ਪਿਸ਼ਾਬ ਅਸੰਜਮਤਾ ਦੀ ਸਮੱਸਿਆ ਉਹ ਹੈ ਜਦੋਂ ਪਿਸ਼ਾਬ 'ਤੇ ਨਿਯੰਤਰਣ ਨਹੀਂ ਰਹਿੰਦਾ। ਇਹ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ:

- **ਤਣਾਅ ਪਿਸ਼ਾਬ ਅਸੰਜਮਤਾ (ਐੱਸ.ਯੂ.ਆਈ)**

  ਇਸ ਵਿੱਚ ਪਿਸ਼ਾਬ 'ਤੇ ਨਿਯੰਤਰਣ ਨਹੀਂ ਰਹਿੰਦਾ ਅਤੇ ਥੋੜ੍ਹੀ ਤੋਂ ਦਰਮਿਆਨੀ ਮਾਤਰਾ ਵਿੱਚ ਲੀਕ ਹੁੰਦਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਖੰਘਦੇ ਹੋ, ਛਿੱਕ ਮਾਰਦੇ ਹੋ ਜਾਂ ਹੱਸਦੇ ਹੋ।

- **ਕਾਹਲ ਪਿਸ਼ਾਬ ਅਸੰਜਮਤਾ (ਯੂ.ਯੂ.ਆਈ) ਜਾਂ ਅਤਿ-ਕਿਰਿਆਸ਼ੀਲ ਬਲੈਡਰ (ਓ.ਏ.ਬੀ.):**

  ਇਸ ਵਿੱਚ ਅਚਾਨਕ ਪਿਸ਼ਾਬ ਦਾ ਜ਼ੋਰ ਪੈਂਦਾ ਹੈ, ਜੋ ਨਿਯੰਤਰਣ ਵਿੱਚ ਨਹੀਂ ਰਹਿੰਦਾ। ਪਿਸ਼ਾਬ ਦਾ ਰਿਸਣਾ ਮੱਠੇ ਤੋਂ ਜ਼ਿਆਦਾ ਹੋ ਸਕਦਾ ਹੈ।

## ਐੱਸ.ਯੂ.ਆਈ. ਦੇ ਕਾਰਨ ਕੀ ਹੁੰਦੇ ਹਨ?

ਐੱਸ.ਯੂ.ਆਈ. ਹੋਣ ਦੇ ਆਮ ਕਾਰਨ ਹਨ:

- ਪਿੱਠ ਦੇ ਹੇਠਲੇ ਹਿੱਸੇ ਵਿੱਚ ਨਸਾਂ ਦਾ ਦੱਬਿਆ ਜਾਣਾ
- ਪੇਡੂ ਜਾਂ ਪ੍ਰੋਸਟੇਟ ਦੀ ਸਰਜਰੀ
- ਤੰਬਾਕੂਨੋਸ਼ੀ (ਜਿਸ ਨਾਲ ਜਿਆਦਾ ਖੰਘ ਹੁੰਦੀ ਹੈ)
- ਖੰਘ ਦਾ ਗੰਭੀਰ ਹੋਣਾ
- ਮੋਟਾਪਾ

## ਐੱਸ.ਯੂ.ਆਈ. ਦੇ ਲੱਛਣ ਕੀ ਹਨ?

ਐੱਸ.ਯੂ.ਆਈ. ਦਾ ਮੁੱਖ ਲੱਛਣ ਇਹ ਹੁੰਦਾ ਹੈ ਜਦੋਂ ਕਿਸੇ ਵੀ ਗਤੀਵਿਧੀ, ਜੋ ਤੁਹਾਡੇ ਪੇਟ 'ਤੇ ਦਬਾਅ ਪਾਉਂਦੀ ਹੈ, ਦੇ ਦੌਰਾਨ ਪਿਸ਼ਾਬ ਰਿਸਣ ਲੱਗ ਜਾਂਦਾ ਹੈ। ਪਿਸ਼ਾਬ ਦਾ ਇਸ ਤਰ੍ਹਾਂ ਨਾਲ ਨਿਕਲਣਾ ਪਿਸ਼ਾਬ ਦੇ ਕੁਝ ਤੁਪਕੇ ਹੋ ਸਕਦੇ ਹਨ ਜਾਂ ਇਸ ਨਾਲ ਤੁਹਾਡੇ ਕੱਪੜੇ ਗਿੱਲੇ ਹੋ ਸਕਦੇ ਹਨ। ਹਲਕੀ ਐੱਸ.ਯੂ.ਆਈ. ਦੇ ਨਤੀਜੇ ਵਜੋਂ ਦਬਾਅ ਕਸਰਤ, ਛਿੱਕ, ਹੱਸਣ ਜਾਂ ਖੰਘਣ ਨਾਲ ਬਣ ਸਕਦਾ ਹੈ। ਵਧੇਰੇ ਗੰਭੀਰ ਐੱਸ.ਯੂ.ਆਈ. ਵਿੱਚ ਪਿਸ਼ਾਬ, ਖੜ੍ਹੇ ਹੋਣ, ਤੁਰਨ ਜਾਂ ਝੁਕਣ ਨਾਲ ਵੀ ਰਿਸਣ ਲੱਗ ਜਾਂਦਾ ਹੈ।


©2023 Urology Care Foundation. All Rights Reserved.
BladderControl-SUI-TreatMen-FS-2023-Punjabi

# ਮਰਦਾਂ ਵਿੱਚ ਤਣਾਅ ਪਿਸ਼ਾਬ ਅਸੰਜਮਤਾ ਦਾ ਇਲਾਜ

## ਐੱਸ.ਯੂ.ਆਈ ਦਾ ਕੀ ਇਲਾਜ ਹੈ?

**ਜੀਵਨ ਸ਼ੈਲੀ ਵਿੱਚ ਤਬਦੀਲੀਆਂ ਅਤੇ ਉਤਪਾਦ**: ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਕੁਝ ਬਦਲਾਅ ਕਰਨਾ ਐੱਸ.ਯੂ.ਆਈ ਨੂੰ ਠੀਕ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ। ਤੁਸੀਂ ਭਾਰ ਘਟਾ ਸਕਦੇ ਹੋ, ਤੰਬਾਕੂਨੋਸ਼ੀ ਬੰਦ ਕਰ ਸਕਦੇ ਹੋ (ਜਿਸ ਨਾਲ ਖੰਘ ਘੱਟ ਹੁੰਦੀ ਹੈ) ਅਤੇ ਚੰਗੀ ਸਮੁੱਚੀ ਸਿਹਤ ਬਣਾਈ ਰੱਖ ਸਕਦੇ ਹੋ। ਕਸਰਤ, ਪਿਸ਼ਾਬ ਦਾ ਸਮਾਂ ਨਿਰਧਾਰਿਤ ਕਰਨ ਲਈ ਬਲੈਡਰ ਨੂੰ ਆਦਤ ਪਾਉਣਾ, ਅਤੇ ਐੱਸ.ਯੂ.ਆਈ ਉਤਪਾਦ ਵੀ ਮਦਦ ਕਰ ਸਕਦੇ ਹਨ।

- **ਪੇਡੂ ਮਾਸਪੇਸ਼ੀ ਦੀਆਂ ਕਸਰਤਾਂ (ਕੇਗਲ)**: ਰੋਜ਼ਾਨਾ ਕੇਗਲ ਕਰਨਾ ਤੁਹਾਡੀ ਪੇਡੂ ਮਾਸਪੇਸ਼ੀ ਨੂੰ ਮਜ਼ਬੂਤ ਕਰਦਾ ਹੈ। ਇਹ ਬਲੈਡਰ ਅਤੇ ਹੋਰ ਅੰਗਾਂ ਦੇ ਸਮਰਥਨ ਵਿੱਚ ਸਹਾਇਤਾ ਕਰਦਾ ਹੈ। ਕੇਗਲ ਨੂੰ ਸਹੀ ਤਰੀਕੇ ਨਾਲ ਅਕਸਰ ਕਰਨਾ ਮਹੱਤਵਪੂਰਨ ਹੈ।
- **ਸੋਖਣ ਵਾਲੇ ਉਤਪਾਦ**: ਜੇਕਰ ਪਿਸ਼ਾਬ ਦਾ ਰਿਸਣਾ ਤੁਹਾਡੇ ਜੀਵਨ ਵਿੱਚ ਇੱਕ ਵੱਡੀ ਸਮੱਸਿਆ ਨਹੀਂ ਹੈ ਤਾਂ ਜਲਦੀ ਨਿਜਾਤ ਜਾਂ ਲੰਬੇ ਸਮੇਂ ਦੇ ਵਿਕਲਪ ਦੇ ਰੂਪ ਵਿੱਚ, ਸੋਖਣ ਵਾਲੇ ਪੈਡ ਉਪਲੱਬਧ ਹੁੰਦੇ ਹਨ। ਇਹ ਬਹੁਤ ਸਾਰੇ ਆਕਾਰਾਂ ਅਤੇ ਰੂਪਾਂ ਵਿੱਚ ਆਉਂਦੇ ਹਨ। ਇਹ ਪੈਡ, ਜਾਂ ਪੁਲ-ਆਨ ਬ੍ਰੀਫ ਹੋ ਸਕਦੇ ਹਨ।
- **ਪੁਰਸ਼ਾਂ ਲਈ ਮੈਡੀਕਲ ਉਪਕਰਣ**: ਰਿਸਣਾ ਰੋਕਣ ਲਈ ਪੁਰਸ਼ਾਂ ਨੂੰ ਪੇਨਾਈਲ ਕਲੈਂਪ/ਕਲਿੱਪ ਪ੍ਰਦਾਨ ਕੀਤੇ ਜਾ ਸਕਦੇ ਹਨ। ਇਹਨਾਂ ਬਾਹਰੀ ਕਲੈਂਪਾਂ ਦੀ ਵਰਤੋਂ ਲਿੰਗ ਤੋਂ ਪਿਸ਼ਾਬ ਦੇ ਪ੍ਰਵਾਹ ਨੂੰ ਸੀਮਤ ਕਰਨ ਲਈ ਕੀਤੀ ਜਾਂਦੀ ਹੈ।

**ਦਵਾਈਆਂ**: ਇਸ ਸਮੇਂ ਐੱਸ.ਯੂ.ਆਈ ਦਾ ਇਲਾਜ ਕਰਨ ਲਈ ਯੂ.ਐੱਸ ਵਿੱਚ ਕੋਈ ਵੀ ਮਨਜ਼ੂਰਸ਼ੁਦਾ ਦਵਾਈ ਨਹੀਂ ਹੈ। ਜੇਕਰ ਤੁਹਾਨੂੰ ਮਿਸ਼ਰਤ ਅਸੰਜਮਤਾ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਓ.ਏ.ਬੀ ਦੀਆਂ ਦਵਾਈਆਂ ਜਾਂ ਇਲਾਜ ਲੈਣ ਲਈ ਕਹਿ ਸਕਦਾ ਹੈ। ਉਹ ਐੱਸ.ਯੂ.ਆਈ. ਦਾ ਇਲਾਜ ਨਹੀਂ ਕਰਦੇ, ਸਿਰਫ ਓ.ਏ.ਬੀ ਦਾ ਇਲਾਜ ਕਰਦੇ ਹਨ।

**ਸਰਜੀਕਲ ਇਲਾਜ**: ਜੇ ਸਰਜਰੀ ਦੀ ਜ਼ਰੂਰਤ ਹੈ, ਤਾਂ ਬਹੁਤ ਸਾਰੇ ਵਿਕਲਪ ਹਨ। ਫੈਸਲਾ ਲੈਣ ਤੋਂ ਪਹਿਲਾਂ ਜੋਖਮਾਂ ਅਤੇ ਲਾਭਾਂ ਅਤੇ ਸਰਜਰੀ ਦੇ ਦੌਰਾਨ ਅਤੇ ਬਾਅਦ ਵਿੱਚ ਤੁਸੀਂ ਕੀ ਉਮੀਦ ਰੱਖਣੀ ਹੈ, ਬਾਰੇ ਜਾਣੋ। ਐੱਸ.ਯੂ.ਆਈ. ਸਰਜਰੀ ਲਈ ਕਿਸੇ ਤਜ਼ਰਬੇ ਵਾਲੇ ਯੂਰੋਲੌਜਿਸਟ ਨਾਲ ਹੀ ਸੰਪਰਕ ਕਰੋ।

- ਸਲਿੰਗ: ਹਲਕੇ ਐੱਸ.ਯੂ.ਆਈ ਨਾਲ ਪੀੜ੍ਹਤ ਮਰਦਾਂ ਦਾ ਇਲਾਜ ਇਕ ਸਲਿੰਗ ਨਾਲ ਕੀਤਾ ਜਾ ਸਕਦਾ ਹੈ। ਇਹ ਯੂਰੇਥਰਾ ਅਤੇ ਸਫਿੰਕਟਰ ਮਾਸਪੇਸ਼ੀਆਂ ਨੂੰ ਚੁੱਕਣ ਜਾਂ ਸਹਾਇਤਾ ਕਰਨ ਲਈ ਇਕ ਹੈਮੌਕ ਦਾ ਕੰਮ ਕਰਦਾ ਹੈ। ਸਲਿੰਗ ਜ਼ਿਆਦਾਤਰ ਸਰਜੀਕਲ ਜਾਲ ਦੁਆਰਾ ਬਣਾਇਆ ਜਾਂਦਾ ਹੈ। ਸਲਿੰਗ ਰੱਖਣ ਲਈ ਤੁਹਾਡਾ ਡਾਕਟਰ ਗੁਦਾ ਅਤੇ ਅੰਡਕੋਸ਼ ਦੇ ਵਿਚਕਾਰ ਚੀਰਾ ਲਗਾਏਗਾ। ਇਸ ਤਰ੍ਹਾਂ ਦਾ ਸਲਿੰਗ ਉਨ੍ਹਾਂ ਮਰਦਾਂ ਲਈ ਮਦਦਗਾਰ ਨਹੀਂ ਹੈ, ਜਿੰਨਾਂ ਨੇ ਪ੍ਰੋਸਟੇਟ ਜਾਂ ਯੂਰੇਥਰਾ ਲਈ ਰੇਡੀਏਸ਼ਨ ਕਰਵਾਈ ਹੈ, ਜਾਂ ਜੋ ਗੰਭੀਰ ਅਸੰਜਮਤਾ ਨਾਲ ਪੀੜ੍ਹਤ ਹਨ।
- ਨਕਲੀ ਸਫਿੰਕਟਰ: ਮਰਦਾਂ ਵਿੱਚ ਐੱਸ.ਯੂ.ਆਈ. ਦੇ ਇਲਾਜ ਲਈ ਨਕਲੀ ਸਫਿੰਕਟਰ ਇਕ ਵਧੀਆ ਵਿਧੀ ਹੈ। ਇਹ ਸਰਜਰੀ ਤੁਹਾਡੇ ਸਰੀਰ ਵਿੱਚ ਤਿੰਨ ਹਿੱਸਿਆਂ ਵਾਲੀ ਇੱਕ ਡਿਵਾਈਸ ਰੱਖਦੀ ਹੈ: (1) ਤੁਹਾਡੇ ਯੂਰੇਥਰਾ ਦੇ ਦੁਆਲੇ ਜੁੜਿਆ ਇਕ ਤਰਲ ਨਾਲ ਭਰਿਆ ਕਫ (ਨਕਲੀ ਸਫਿੰਕਟਰ); (2) ਤੁਹਾਡੇ ਪੇਟ ਵਿੱਚ ਇਕ ਤਰਲ ਨਾਲ ਭਰਪੂਰ, ਦਬਾਅ ਨੂੰ ਕੰਟਰੋਲ ਕਰਨ ਵਾਲਾ ਬੈਲਨ(ਗੁਬਾਰਾ); (3) ਤੁਹਾਡੇ ਅੰਡਕੋਸ਼ ਵਿਚ ਰੱਖਿਆ ਇਕ ਪੰਪ, ਜਿਸ ਨੂੰ ਤੁਸੀਂ ਨਿਯੰਤਰਿਤ ਕਰਦੇ ਹੋ। ਜਦੋਂ ਤੁਸੀਂ ਪੰਪ ਦੀ ਵਰਤੋਂ ਕਰਦੇ ਹੋਂ, ਤਾਂ ਗੁਬਾਰੇ ਵਿਚਲਾ ਤਰਲ ਨਕਲੀ ਸਫਿੰਕਟਰ ਦੇ ਕਫ ਤੋਂ ਬਾਹਰ ਨਿਕਲਦਾ ਹੈ, ਜਿਸ ਨਾਲ ਪਿਸ਼ਾਬ ਵਗਦਾ ਹੈ। ਕਫ ਹੌਲੀ-ਹੌਲੀ ਤਰਲ ਨਾਲ ਭਰ ਜਾਂਦਾ ਹੈ ਅਤੇ ਰਿਸਣ ਨੂੰ ਰੋਕਣ ਲਈ ਯੂਰੇਥਰਾ ਨੂੰ ਬੰਦ ਕਰਦਾ ਹੈ।

## ਇਲਾਜ ਤੋਂ ਬਾਅਦ ਕੀ ਹੋਵੇਗਾ?

ਅਸੰਜਮਤਾ ਦੇ ਕਿਸੇ ਵੀ ਇਲਾਜ ਦਾ ਟੀਚਾ ਤੁਹਾਡੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣਾ ਹੈ। ਸਰਜੀਕਲ ਇਲਾਜ ਆਮ ਤੌਰ ਤੇ ਫਾਇਦੇਮੰਦ ਹੁੰਦੇ ਹਨ, ਖ਼ਾਸਕਰ ਜਦੋਂ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਲਿਆਂਦੀਆਂ ਜਾਣ। ਪੇਡੂ ਮਾਸਪੇਸ਼ੀਆਂ ਦੀ ਤਾਕਤ ਬਣਾਈ ਰੱਖਣ ਲਈ ਰੋਜ਼ਾਨਾ ਕੇਗਲ ਕਸਰਤਾਂ ਨੂੰ ਜਾਰੀ ਰੱਖੋ। ਹਾਲਾਂਕਿ, ਜੇ ਤੁਹਾਨੂੰ ਅਜੇ ਵੀ ਐੱਸ.ਯੂ.ਆਈ. ਨਾਲ ਸਮੱਸਿਆਵਾਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਇਲਾਜ ਦੇ ਹੋਰ ਵਿਕਲਪਾਂ ਬਾਰੇ ਗੱਲ ਕਰੋ।

## ਯੂਰੋਲੌਜੀ ਕੇਅਰ ਫਾਊਂਡੇਸ਼ਨ ਬਾਰੇ

**ਯੂਰੋਲੌਜੀ** ਕੇਅਰ ਫਾਊਂਡੇਸ਼ਨ ਦੁਨੀਆਂ ਦੀ ਉੱਘੀ ਯੂਰੋਲੌਜਿਕ ਫਾਊਂਡੇਸ਼ਨ - ਅਤੇ ਅਮਰੀਕੀ ਯੂਰੋਲੋਜੀਕਲ ਐਸੋਸੀਏਸ਼ਨ ਹੈ। ਅਸੀਂ ਉਹਨਾਂ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਦੇ ਹਾਂ ਜੋ ਆਪਣੀ ਯੂਰੋਲੌਜੀਕ ਸਿਹਤ ਦਾ ਕਿਰਿਆਸ਼ੀਲ ਤਰੀਕੇ ਨਾਲ ਧਿਆਨ ਰੱਖ ਰਹੇ ਹਨ ਅਤੇ ਜੋ ਸਿਹਤ ਵਿੱਚ ਬਦਲਾਅ ਕਰਨ ਲਈ ਤਿਆਰ ਹਨ। ਸਾਡੀ ਜਾਣਕਾਰੀ ਅਮਰੀਕੀ ਯੂਰੋਲਜੀਕਲ ਐਸੋਸੀਏਸ਼ਨ ਦੇ ਸਰੋਤਾਂ 'ਤੇ ਅਧਾਰਿਤ ਹੈ ਅਤੇ ਇਸ ਦਾ ਮੁਲਾਂਕਣ ਮੈਡੀਕਲ ਮਾਹਿਰਾਂ ਦੁਆਰਾ ਕੀਤਾ ਜਾਂਦਾ ਹੈ।

ਹੋਰ ਜਾਣਕਾਰੀ ਲਈ ਯੂਰੋਲੌਜੀ ਕੇਅਰ ਫਾਊਂਡੇਸ਼ਨ ਦੀ ਵੈੱਬਸਾਈਟ, **UrologyHealth.org/UrologicConditions** 'ਤੇ ਜਾਓ ਜਾਂ ਆਪਣੇ ਨੇੜੇ ਡਾਕਟਰ ਪਤਾ ਕਰਨ ਲਈ **UrologyHealth.org/FindAUrologist** 'ਤੇ ਜਾਓ।

## ਬੇਦਾਵਾ

ਇਹ ਜਾਣਕਾਰੀ ਸਵੈ-ਨਿਦਾਨ ਲਈ ਇੱਕ ਟੂਲ ਜਾਂ ਪੇਸ਼ੇਵਰ ਮੈਡੀਕਲ ਸਲਾਹ ਲਈ ਇੱਕ ਵਿਕਲਪ ਨਹੀਂ ਹੈ। ਇਹ ਇਸ ਉਦੇਸ਼ ਲਈ ਵਰਤੇ ਜਾਣ ਲਈ ਨਹੀਂ ਹੈ। ਆਪਣੀਆਂ ਸਿਹਤ ਚਿੰਤਾਵਾਂ ਬਾਰੇ ਕਿਰਪਾ ਕਰਕੇ ਆਪਣੇ ਯੂਰੋਲੌਜਿਸਟ ਜਾਂ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ। ਦਵਾਈਆਂ ਸਮੇਤ, ਕੋਈ ਵੀ ਇਲਾਜ ਸ਼ੁਰੂ ਜਾਂ ਬੰਦ ਕਰਨ ਤੋਂ ਪਹਿਲਾਂ ਹਮੇਸ਼ਾ ਸਿਹਤ ਦੇਖਭਾਲ ਪ੍ਰਦਾਤਾ ਦੀ ਸਲਾਹ ਲਓ।

ਹੋਰ ਛਪਾਈ ਗਈ ਸਮੱਗਰੀ ਅਤੇ ਹੋਰ ਯੂਰੋਲੌਜਿਕ ਸਥਿਤੀਆਂ ਲਈ, **UrologyHealth.org/Order** 'ਤੇ ਜਾਓ।


©2023 Urology Care Foundation. All Rights Reserved.
BladderControl-SUI-TreatMen-FS-2023-Punjabi